# ਡਾਕਟਰਾਂ ਅਤੇ ਜਨਤਾ ਵਿਰੋਧੀ

Dr

# CEA ACT

**ਗਲਤ ਸਮਾਂ :**

ਇਸ ਕਰੋਨਾ ਦੇ ਭਿਆਨਕ ਸਮੇਂ ਵੇਲੇ ਡਾਕਟਰ ਕੰਮ ਕਰਨ ਲਈ ਅੱਗੇ ਆ ਰਹੇ ਹਨ, ਸਰਕਾਰ ਉਨ੍ਹਾਂ ਨੂੰ ਸਬਸਿਡੀ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਣ ਦੀ ਥਾਂ ਇਸ ਬਿੱਲ ਨੂੰ ਪਾਸ ਕਰਕੇ ਡਾਕਟਰਾਂ ਨੂੰ ਬੇਵਜ੍ਹਾ ਤੰਗ ਕਰ ਰਹੀ ਹੈ।

**.ਗਲਤ ਮੰਤਵ :**

ਜਦਕਿ ਮੈਡੀਕਲ ਖੇਤਰ ਵਿੱਚ ਪਹਿਲਾਂ ਤੋਂ ਹੀ 43 ਐਕਟ ਲਾਗੂ ਹੁੰਦੇ ਹਨ, ਫਿਰ ਇਸ (CEA ACT) ਨੂੰ ਬਨਾਉਣ ਦੀ ਕੀ ਜ਼ਰੂਰਤ ਹੈ। ਇਹ ਸਿਰਫ਼ ਆਪਣੀ ਆਕੜ ਅਤੇ ਗ਼ਲਤ ਸੋਚ ਨੂੰ ਪੂਰਾ ਕਰਾਉਣ ਦਾ ਇੱਕ ਤਰੀਕਾ ਹੈ।

**ਗਲਤ ਸੋਚ :**

ਸਰਕਾਰ ਅੱਜ ਤੱਕ ਸਰਕਾਰੀ ਸਿਹਤ ਵਿਭਾਗ ਨੂੰ ਸਹੀ ਤਰ੍ਹਾਂ ਚਲਾਉਣ ਵਿੱਚ ਕਾਮਯਾਬ ਨਹੀਂ ਹੋਈ ਹੈ ਅਤੇ ਉਹ ਰਾਜਿੰਦਰਾ ਮੈਡੀਕਲ ਕਾਲਜ ਨੂੰ ਪ੍ਰਾਈਵੇਟ ਕਰਨ ਦੀ ਕੋਸ਼ਿਸ਼ ਕਿਉਂ ਕਰ ਰਹੀ ਹੈ ਜਦਕਿ ਪ੍ਰਾਈਵੇਟ ਹਸਪਤਾਲ ਪਹਿਲਾਂ ਤੋਂ ਹੀ 75% ਸਿਹਤ ਸਬੰਧੀ ਸੇਵਾਵਾਂ ਆਮ ਜਨਤਾ ਨੂੰ ਮੁਹੱਈਆ ਕਰਵਾ ਰਹੇ ਹਨ।

**ਗਲਤ ਨਤੀਜੇ :**

ਹੋ ਸਕਦਾ ਹੈ (Bureaueratic) ਸਰਕਾਰੀ ਅਹੁਦੇਦਾਰ ਇਹ ਗੱਲ ਨਹੀਂ ਸਮਝ ਰਹੇ ਕਿ ਇਸ ਬਿੱਲ ਦੇ ਪਾਸ ਹੋਣ ਨਾਲ ਸਿਹਤ ਸਹੂਲਤਾਂ ਹੋਰ ਜ਼ਿਆਦਾ ਮਹਿੰਗੀਆਂ ਹੋ ਜਾਣਗੀਆਂ ਕਿਉਂਕਿ ਵਧੀਕੀ ਕੰਮ ਕਰਵਾਉਣ ਵਾਸਤੇ ਤੇ ਇਸ (CEA ACT) ਮੁਤਾਬਕ ਜੋ ਪੱਧਰ ਨਿਰਧਾਰਤ ਕੀਤਾ ਗਿਆ ਹੈ, ਉਸ ਵਿੱਚ ਹੋਰ ਪੈਸੇ ਖਰਚ ਕਰਨੇ ਪੈਣਗੇ, ਜਿਸ ਦਾ ਅੰਤ ਵਿੱਚ ਸਾਰਾ ਖਰਚਾ ਮਰੀਜ਼ ਅਤੇ ਆਮ ਜਨਤਾ 'ਤੇ ਹੀ ਪਵੇਗਾ।

**ਆਮ ਇਨਸਾਨ ਵੀ ਇਸ ਚੀਜ਼ ਨੂੰ ਸਮਝ ਸਕਦਾ ਹੈ ਕਿ ਇਹ (CEA ACT) ਬਿੱਲ ਸਰਕਾਰ ਸਿਰਫ਼ ਆਪਣੇ ਮਤਲਬ ਲਈ ਅਤੇ ਆਪਣੀ ਬਣਦੀ ਜ਼ਿੰਮੇਵਾਰੀ ਤੋਂ ਬਚਣ ਲਈ ਬਣਾ ਰਹੀ ਹੈ।**

**ਸਾਰੇ ਲੋਕਾਂ ਨੂੰ ਇਹੀ ਸੰਦੇਸ਼ ਦਿੱਤਾ ਜਾਂਦਾ ਹੈ ਕਿ ਉਹ ਡਾਕਟਰਾਂ ਦਾ ਇਸ ਵਿਰੋਧ ਵਿੱਚ ਸਾਥ ਦੇਣ। ਇਹ ਵਿਰੋਧ ਡਾਕਟਰ ਸਿਰਫ਼ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰ ਦੀ ਸਹਾਇਤਾ ਲਈ ਕਰ ਰਹੇ ਹਨ।**

## IMA Punjab